COMMUNITY MEDICAL CENTERS

**ਬਿਲਿੰਗ ਅਤੇ ਕਲੈਕਸ਼ਨਾਂ**

| | |
|---|---|
| **ਨੀਤੀ ਅਤੇ ਪ੍ਰਕਿਰਿਆ ਦਾ ਨੰਬਰ** | 24828 |
| **ਨੀਤੀ ਕਿਤਾਬਚਾ** | ਪ੍ਰਸਾਸ਼ਕੀ |
| **ਕਿਸਮ** | ਨੀਤੀ ਅਤੇ ਪ੍ਰਕਿਰਿਆ |
| **ਦਸਤਾਵੇਜ਼ ਦਾ ਮਾਲਕ** | ਸਿਲਵਾ, ਨੈਟਲੀ (Silva, Natalie) |
| **ਪ੍ਰਭਾਵੀ ਮਿਤੀ** | 10/21/2016 |
| **ਅਗਲੀ ਸਮੀਖਿਆ ਦੀ ਮਿਤੀ** | 10/21/2019 |
| **ਅਨੁਪ੍ਰਯੋਗ ਦਾ ਦਾਇਰਾ (ਇਸ 'ਤੇ ਲਾਗੂ ਹੁੰਦਾ ਹੈ)** | CMC ਗੰਭੀਰ ਦੇਖਭਾਲ ਸਹੂਲਤਾਂ |
| **ਇਹਨਾਂ ਦੁਆਰ ਪ੍ਰਵਾਨਿਤ / ਪ੍ਰਵਾਨਿਤ ਕੀਤੇ ਜਾਣ ਦੀ ਮਿਤੀ** | CMC ਕਾਨੂੰਨੀ ਸੇਵਾਵਾਂ (A): 08/12/2016 11:31AM PST<br>ਜੋਇ ਨੋਵਿਤਸਕੀ (Joe Nowicki), SVP ਚੀਫ ਫਾਇਨਾਂਸ਼ਿਅਲ ਆਫਿਸਰ: 08/24/2016 08:39AM PST<br>ਪੈਟ੍ਰਿਕ ਰੈਫਰਟੀ (Patrick Rafferty), ਕਾਰਪੋਰੇਟ ਚੀਫ ਆਪਰੇਸ਼ਨਜ਼ ਆਫਿਸਰ: 08/29/2016 01:38PM PST<br>ਟਿਮ ਜੋਸਲਿਨ (Tim Joslin), CEO: 08/30/2016 09:51AM PST<br>ਫਾਇਨਾਂਸ ਅਤੇ ਪਲਾਨਿੰਗ (A): 10/21/2016 10:14AM PST |
| **ਸਥਿਤੀ / ਸੋਧ #** | ਅਧਿਕਾਰਤ (ਸੋਧ 0) |
| **ਇਹਨਾਂ ਦੁਆਰਾ ਜਮ੍ਹਾਂ ਕੀਤਾ ਗਿਆ** | ਅਰਨਹਾਰਟ ਮਿਸ਼ੇਲ (Earnhart, Michele) |

# I. ਮਕਸਦ

ਇਹ ਯਕੀਨੀ ਬਣਾਉਣਾ ਕਿ ਕਮਿਊਨਿਟੀ ਮੈਡੀਕਲ ਸੈਂਟਰ (CMC) ਦੀਆਂ ਬਿਲ ਦੇਣ ਅਤੇ ਇਸ ਨੂੰ ਵਸੂਲਣ ਦੀਆਂ ਗਤੀਵਿਧੀਆਂ ਅਜਿਹੇ ਤਰੀਕੇ ਨਾਲ ਕੀਤੀਆਂ ਜਾਂਦੀਆਂ ਹਨ ਜੋ ਸਾਰੇ ਲਾਗੂ ਹੋਣ ਵਾਲੇ ਕਾਨੂੰਨਾਂ ਦੀ ਪਾਲਣਾ ਕਰੇ।

# II. ਪਰਿਭਾਸ਼ਾਵਾਂ

A. **ਅਸਧਾਰਣ ਵਸੂਲੀ ਕਾਰਵਾਈ(ਆਂ)**: ਅਸਧਾਰਣ ਵਸੂਲੀ ਦੀ ਕਾਰਵਾਈ ਦਾ ਅਰਥ ਅੱਗੇ ਦਿੱਤਿਆਂ ਵਿੱਚੋਂ ਕੋਈ ਵੀ ਹੋ ਸਕਦਾ ਹੈ:
   1. ਉਪਭੋਗਤਾ ਦੇ ਕ੍ਰੈਡਿਟ ਦੀ ਰਿਪੋਰਟਿੰਗ ਕਰਨ ਵਾਲੀਆਂ ਏਜੰਸੀਆਂ ਜਾਂ ਕ੍ਰੈਡਿਟ ਬਿਊਰੋ ਨੂੰ ਵਿਅਕਤੀ ਬਾਰੇ ਨਕਾਰਾਤਮਕ ਜਾਣਕਾਰੀ ਦੀ ਰਿਪੋਰਟਿੰਗ ਕਰਨੀ।
   2. CMC ਦੀ ਵਿੱਤੀ ਸਹਾਇਤਾ ਨੀਤੀ ਤਹਿਤ ਕਵਰ ਕੀਤੀ ਪਹਿਲਾਂ ਮੁਹੱਈਆ ਦੇਖਭਾਲ ਲਈ ਕਿਸੇ ਵਿਅਕਤੀ ਦੁਆਰਾ ਇੱਕ ਜਾਂ ਦੋ ਬਿਲਾਂ ਦੇ ਭੁਗਤਾਨ ਨਾ ਕੀਤੇ ਜਾਣ ਕਰਕੇ ਉਸ ਨੂੰ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਮੁਹੱਈਆ ਕਰਨ ਤੋਂ ਪਹਿਲਾਂ ਉਸ ਨੂੰ ਅੱਗੇ ਪਾਉਣਾ ਜਾਂ ਇਨਕਾਰ ਕਰਨਾ, ਜਾਂ ਭੁਗਤਾਨ ਨੂੰ ਜ਼ਰੂਰੀ ਬਣਾਉਣਾ।
   3. ਜਿਹੜੀਆਂ ਕਾਰਵਾਈਆਂ ਲਈ ਕਾਨੂੰਨੀ ਜਾਂ ਨਿਆਂਇਕ ਪ੍ਰਕਿਰਿਆ ਦੀ ਲੋੜ ਹੁੰਦੀ ਹੈ, ਉਹਨਾਂ ਵਿੱਚ ਅੱਗੇ ਦਿੱਤੀਆਂ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹਨ:

a. ਵਿਅਕਤੀ ਦੀ ਪ੍ਰਾਪਰਟੀ 'ਤੇ ਦਾਅਵਾ ਦਾਇਰ ਕਰਨਾ;
b. ਵਿਅਕਤੀ ਦੀ ਜ਼ਮੀਨੀ ਸੰਪਤੀ ਨੂੰ ਅਗਾਊਂ ਰੋਕਣਾ;
c. ਵਿਅਕਤੀ ਦੇ ਬੈਂਕ ਖਾਤੇ ਜਾਂ ਕਿਸੇ ਹੋਰ ਨਿੱਜੀ ਪ੍ਰਾਪਰਟੀ ਨੂੰ ਕੁਰਕ ਜਾਂ ਜ਼ਬਤ ਕਰਨਾ;
d. ਵਿਅਕਤੀ ਵਿਰੁੱਧ ਦੀਵਾਨੀ ਕਾਰਵਾਈ ਦੀ ਸ਼ੁਰੂਆਤ ਕਰਨੀ;
e. ਵਿਅਕਤੀ ਦੀ ਗ੍ਰਿਫਤਾਰੀ ਲਈ ਕਾਰਨ ਬਣਨਾ;
f. ਵਿਅਕਤੀ ਨੂੰ ਰਿਟ ਆਫ ਬਾਡੀ ਅਟੈਚਮੈਂਟ (ਦੀਵਾਨੀ ਉਲੰਘਣਾ ਲਈ ਅਦਾਲਤ ਅੱਗੇ ਪੇਸ਼ ਕਰਨਾ) ਦੇ ਘੇਰੇ ਵਿੱਚ ਲਿਆਉਣ ਲਈ ਕਾਰਨ ਬਣਨਾ; ਅਤੇ
g. ਕਰਜ਼ ਚੁਕਾਉਣ ਤੱਕ ਵਿਅਕਤੀਆਂ ਦੀਆਂ ਤਨਖਾਹਾਂ ਨੂੰ ਰੋਕ ਕੇ ਰੱਖਣਾ।

4. ਵਿਅਕਤੀ ਦੇ ਕਰਜ਼ ਨੂੰ ਕਿਸੇ ਹੋਰ ਧਿਰ ਨੂੰ ਵੇਚਣਾ।

B. **ਮਰੀਜ਼**: ਮਰੀਜ਼ ਅਜਿਹਾ ਵਿਅਕਤੀ ਹੈ ਜੋ CMC ਵਿਖੇ ਸੇਵਾਵਾਂ ਪ੍ਰਾਪਤ ਕਰਦਾ ਹੈ।

C. **ਵਿੱਤੀ ਸਹਾਇਤਾ ਬਾਰੇ ਨੀਤੀ**: ਵਿੱਤੀ ਸਹਾਇਤਾ ਨੀਤੀ ਵਿੱਤੀ ਸਹਾਇਤਾ ਬਾਰੇ CMC ਦੀ ਨੀਤੀ ਹੈ, ਜੋ ਉਪਲਬਧ ਵਿੱਤੀ ਸਹਾਇਤਾ ਦੀਆਂ ਕਿਸਮਾਂ ਦੇ ਨਾਲ-ਨਾਲ ਅਜਿਹੀ ਪ੍ਰਕਿਰਿਆ ਦਾ ਵਰਨਣ ਕਰਦੀ ਹੈ ਜਿਸ ਰਾਹੀਂ ਮਰੀਜ਼ਾਂ ਨੂੰ ਲਾਜ਼ਮੀ ਤੌਰ 'ਤੇ ਵਿੱਤੀ ਸਹਾਇਤਾ ਵਾਸਤੇ ਦਰਖਾਸਤ ਕਰਨੀ ਚਾਹੀਦੀ ਹੈ।

D. **ਵਿੱਤੀ ਸਹਾਇਤਾ**: ਵਿੱਤੀ ਸਹਾਇਤਾ ਸ਼ਬਦ ਮੁਕੰਮਲ ਚੈਰਿਟੀ ਕੇਅਰ, ਅੰਸ਼ਕ ਚੈਰਿਟੀ ਕੇਅਰ, ਉੱਚ ਡਾਕਟਰੀ ਖਰਚਿਆਂ ਵਾਲੀ ਚੈਰਿਟੀ ਕੇਅਰ, ਅਤੇ ਵਿਸ਼ੇਸ਼ ਹਾਲਾਤ ਵਾਲੀ ਚੈਰਿਟੀ ਕੇਅਰ ਨਾਲ ਸਬੰਧ ਰੱਖਦਾ ਹੈ।

E. **CMC ਦੇ ਸੇਵਾ ਖੇਤਰ ਦੀ ਮੁਢਲੀ ਭਾਸ਼ਾ**: CMC ਦੇ ਸੇਵਾ ਖੇਤਰ ਦੀ ਮੁਢਲੀ ਭਾਸ਼ਾ ਅਜਿਹੀ ਭਾਸ਼ਾ ਹੈ ਜੋ CMC ਦੀ ਸੇਵਾ ਲੈਣ ਵਾਲੇ ਭਾਈਚਾਰੇ ਦੇ 1000 ਲੋਕਾਂ ਜਾਂ 5% ਹਿੱਸੇ, ਜੋ ਵੀ ਘੱਟ ਹੋਵੇ, ਦੁਆਰਾ ਵਰਤੀ ਜਾਂਦੀ ਹੈ ਜਾਂ ਅਜਿਹੀ ਵੱਸੋਂ ਹੈ ਜਿਸਦੇ CMC ਦੁਆਰਾ ਪ੍ਰਭਾਵਿਤ ਹੋਣ ਜਾਂ ਇਸ ਦਾ ਸਾਹਮਣਾ ਹੋਣ ਦੀ ਸੰਭਾਵਨਾ ਹੈ। CMC, ਕਿਸੇ ਵੀ ਮੁਨਾਸਬ ਤਰੀਕੇ ਦੀ ਵਰਤੋਂ ਕਰਦੇ ਹੋਏ CMC ਭਾਈਚਾਰੇ ਵਿੱਚ ਅੰਗਰੇਜ਼ੀ ਵਿਚ ਸੀਮਤ ਨਿਪੁੰਨਤਾ ਵਾਲੇ ਵਿਅਕਤੀਆਂ, ਜਾਂ CMC ਦੁਆਰਾ ਪ੍ਰਭਾਵਿਤ ਹੋਣ ਜਾਂ ਇਸ ਦਾ ਸਾਹਮਣਾ ਕਰਨ ਦੀ ਸੰਭਾਵਨਾ ਵਾਲੇ ਵਿਅਕਤੀਆਂ ਦੇ ਪ੍ਰਤਿਸ਼ਤ ਜਾਂ ਗਿਣਤੀ ਨੂੰ ਨਿਰਧਾਰਤ ਕਰ ਸਕਦਾ ਹੈ।

F. **ਬਿਨਾਂ ਬੀਮੇ ਵਾਲੇ ਮਰੀਜ਼**: ਬਿਨਾਂ ਬੀਮੇ ਵਾਲਾ ਮਰੀਜ਼ ਉਹ ਮਰੀਜ਼ ਹੈ ਜਿਸ ਕੋਲ ਆਪਣੇ ਡਾਕਟਰੀ ਖਰਚਿਆਂ ਦੇ ਕਿਸੇ ਵੀ ਹਿੱਸੇ ਦਾ ਭੁਗਤਾਨ ਕਰਨ ਲਈ ਕੋਈ ਸ੍ਰੋਤ ਨਹੀਂ ਹੈ, ਜਿਸ ਵਿੱਚ ਕਿਸੇ ਸੀਮਾ ਦੇ ਬਿਨਾਂ, ਵਪਾਰਕ ਜਾਂ ਹੋਰ ਬੀਮਾ, ਸਰਕਾਰ ਦੁਆਰਾ ਪ੍ਰਾਯੋਜਤ ਸਿਹਤ-ਸੰਭਾਲ ਬੈਨੀਫਿਟ ਪ੍ਰੋਗਰਾਮ ਜਾਂ ਤੀਜੀ ਧਿਰ ਦੀ ਜਵਾਬਦੇਹੀ ਸ਼ਾਮਲ ਹਨ, ਜਾਂ ਜਿਸ ਦੇ ਬੀਮੇ ਅਧੀਨ ਆਉਂਦੇ ਬੈਨੀਫਿਟ ਦਾਖਲੇ ਤੋਂ ਪਹਿਲਾਂ ਪੂਰੇ ਹੋ ਚੁੱਕੇ ਹਨ।

G. **ਬੀਮਾਕ੍ਰਿਤ ਮਰੀਜ਼**: ਕੋਈ ਬੀਮਾਕ੍ਰਿਤ ਮਰੀਜ਼ ਉਹ ਮਰੀਜ਼ ਹੈ ਜਿਹਨਾਂ ਕੋਲ ਆਪਣੇ ਡਾਕਟਰੀ ਖਰਚਿਆਂ ਦੇ ਇੱਕ ਹਿੱਸੇ ਦਾ ਭੁਗਤਾਨ ਕਰਨ ਲਈ ਕੋਈ ਤੀਜੀ ਧਿਰ ਦਾ ਸ੍ਰੋਤ ਹੈ।

H. **ਮਰੀਜ਼ ਦੀ ਜ਼ਿੰਮੇਵਾਰੀ ਵਾਲੀ ਰਕਮ**: ਇਹ ਮਰੀਜ਼ ਦੀ ਤੀਜੀ ਧਿਰ ਦੀ ਕਵਰੇਜ ਦੁਆਰਾ ਮਰੀਜ਼ ਦੇ ਬੈਨੀਫਿਟਾਂ ਦੀ ਰਾਸ਼ੀ ਦਾ ਨਿਰਧਾਰਣ ਕਰਨ ਤੋਂ ਬਾਅਦ ਵਾਲੀ ਉਹ ਰਾਸ਼ੀ ਹੈ ਜਿਸ ਦੇ ਭੁਗਤਾਨ ਦੀ ਜ਼ਿੰਮੇਵਾਰੀ ਬੀਮਾਕ੍ਰਿਤ ਮਰੀਜ਼ ਦੁਆਰਾ ਆਪਣੀ ਜ਼ੇਬ ਵਿੱਚੋਂ ਕਰਨ ਦੀ ਹੁੰਦੀ ਹੈ।

I. **ਕਲੈਕਸ਼ਨ ਏਜੰਸੀ**: ਵਸੂਲੀ ਏਜੰਸੀ ਕੋਈ ਵੀ ਅਜਿਹੀ ਸੰਸਥਾ ਹੈ ਜਿਸ ਨੂੰ CMC ਦੁਆਰਾ ਮਰੀਜ਼ਾਂ ਦੇ ਭੁਗਤਾਨ ਦਾ ਅਨੁਸਰਣ ਕਰਨ ਜਾਂ ਵਸੂਲੀ ਕਰਨ ਲਈ ਰੱਖਿਆ ਜਾਂਦਾ ਹੈ।

J. **ਬਿਲ ਕੀਤੇ ਖਰਚੇ**: ਬਿਲ ਵਿੱਚ ਦਿੱਤੇ ਗਏ ਖਰਚੇ ਛੋਟ-ਰਹਿਤ ਰਾਸ਼ੀਆਂ ਹਨ ਜਿਨ੍ਹਾਂ ਨੂੰ CMC ਰਵਾਇਤੀ ਤੌਰ 'ਤੇ ਚੀਜ਼ਾਂ ਅਤੇ ਸੇਵਾਵਾਂ ਲਈ ਬਿਲ ਵਿੱਚ ਲਗਾਉਂਦਾ ਹੈ।

## III. ਨੀਤੀ

A. CMC ਮਰੀਜ਼ਾਂ ਅਤੇ ਤੀਜੀ ਧਿਰ ਦੇ ਭੁਗਤਾਨਕਰਤਾਵਾਂ ਨੂੰ ਦਰੁਸਤ ਢੰਗ ਨਾਲ, ਸਮੇਂ ਸਿਰ, ਅਤੇ ਸਾਰੇ ਲਾਗੂ ਹੋਣ ਯੋਗ ਕਾਨੂੰਨਾਂ ਅਤੇ ਵਿਨਿਯਮਾਂ ਮੁਤਾਬਕ ਬਿਲ ਦੇਵੇਗਾ, ਜਿਸ ਵਿੱਚ ਬਗੈਰ ਕਿਸੇ ਸੀਮਾ ਤੋਂ, ਕੈਲੀਫੋਰਨੀਆ ਹੈਲਥ ਐਂਡ ਸੇਫ਼ਟੀ ਕੋਡ ਦੇ ਸੈਕਸ਼ਨ 127400 ਅਤੇ ਇਸ ਤੋਂ ਬਾਅਦ ਵਾਲੇ ਅਤੇ ਇੰਟਰਨਲ ਰੈਵਨਿਊ ਕੋਡ ਦੇ ਸੈਕਸ਼ਨ 501(r) ਤਹਿਤ ਯੂਨਾਇਟਡ ਸਟੇਟਸ ਡਿਪਾਰਟਮੈਂਟ ਆਫ ਟਰੈਜ਼ਰੀ ਦੁਆਰਾ ਜਾਰੀ ਕੀਤੇ ਵਿਨਿਯਮ ਸ਼ਾਮਲ ਹਨ।

B. ਇਹ ਨੀਤੀ CMC ਦੇ ਸਾਰੇ ਅਦਾਰਿਆਂ ਲਈ, ਅਤੇ CMC ਦੀ ਤਰਫੋਂ ਕੰਮ ਕਰਨ ਵਾਲੀਆਂ ਸਾਰੀਆਂ ਵਸੂਲੀ ਏਜੰਸੀਆਂ 'ਤੇ ਲਾਗੂ ਹੁੰਦੀ ਹੈ।

C. ਜਦੋਂ ਤੱਕ ਕੁਝ ਹੋਰ ਨਾ ਕਿਹਾ ਗਿਆ ਹੋਵੇ, ਇਹ ਨੀਤੀ ਐਮਰਜੇਂਸੀ ਰੂਮ ਦੇ ਡਾਕਟਰਾਂ, ਐਨਿਸਥਿਸੀਓਲੋਜਿਸਟਾਂ, ਰੇਡੀਓਲੋਜਿਸਟਾਂ, ਹਾਸਪਿਟਲਿਸਟਾਂ, ਪੈਥਾਲੋਜਿਸਟਾਂ ਸਮੇਤ ਉਹਨਾਂ ਡਾਕਟਰਾਂ ਜਾਂ ਹੋਰਨਾਂ ਡਾਕਟਰੀ ਪ੍ਰਦਾਤਾਵਾਂ 'ਤੇ ਲਾਗੂ ਨਹੀਂ ਹੁੰਦੀ ਜਿਹਨਾਂ ਦੀਆਂ ਸੇਵਾਵਾਂ ਨੂੰ CMC ਦੇ ਬਿਲ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਇਹ ਨੀਤੀ ਅਜਿਹੇ ਡਾਕਟਰਾਂ ਦੀ ਜਾਂ ਹੋਰ ਡਾਕਟਰੀ ਪ੍ਰਦਾਤਾਵਾਂ ਦੀਆਂ ਸੇਵਾਵਾਂ ਦਾ ਭੁਗਤਾਨ ਕਰਨ ਲਈ CMC 'ਤੇ ਬੰਧੇਜ ਨਹੀਂ ਲਗਾਉਂਦੀ। ਕੈਲੀਫੋਰਨੀਆ ਵਿੱਚ, ਹਸਪਤਾਲ ਵਿੱਚ ਐਮਰਜੈਂਸੀ ਸੇਵਾਵਾਂ ਮੁਹੱਈਆ ਕਰਨ ਵਾਲੇ ਐਮਰਜੈਂਸੀ ਫ਼ਿਜ਼ੀਸ਼ੀਅਨ ਨੂੰ ਬੀਮੇ ਦੇ ਬਿਨਾਂ ਵਾਲੇ ਮਰੀਜ਼ਾਂ ਨੂੰ ਜਾਂ ਉਹਨਾਂ ਮਰੀਜ਼ਾਂ ਨੂੰ ਛੋਟਾਂ ਮੁਹੱਈਆ ਕਰਨਾ ਜ਼ਰੂਰੀ ਹੈ ਜਿਹਨਾਂ ਦੇ ਉੱਚ ਡਾਕਟਰੀ ਖਰਚੇ ਹੁੰਦੇ ਹਨ ਅਤੇ ਜੋ ਫੈਡਰਲ ਪਾਵਰਟੀ ਲੈਵਲ (“FLP”) ਦੇ 350% 'ਤੇ ਜਾਂ ਇਸ ਤੋਂ ਘੱਟ ਪੱਧਰ 'ਤੇ ਹਨ।

## IV. ਪ੍ਰਕਿਰਿਆ

A. ਕਵਰੇਜ ਸਬੰਧੀ ਜਾਣਕਾਰੀ ਪ੍ਰਾਪਤ ਕਰਨੀ

   1. CMC ਮਰੀਜ਼ਾਂ ਤੋਂ ਇਸ ਬਾਰੇ ਜਾਣਕਾਰੀ ਲੈਣ ਲਈ ਮੁਨਾਸਬ ਕੋਸ਼ਿਸ਼ਾਂ ਕਰੇਗਾ ਕਿ ਕੀ ਨਿੱਜੀ ਜਾਂ ਸਰਕਾਰੀ ਸਪਾਂਸਰ ਕੀਤਾ ਬੀਮਾ ਜਾਂ ਸਪਾਂਸਰਸ਼ਿਪ CMC ਵੱਲੋਂ ਮਰੀਜ਼ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਨੂੰ ਪੂਰੀ ਤਰ੍ਹਾਂ ਨਾਲ ਜਾਂ ਅੰਸ਼ਕ ਰੂਪ ਵਿੱਚ ਕਵਰ ਕਰ ਸਕਦੇ ਹਨ।

B. ਤੀਜੀ ਧਿਰ ਨੂੰ ਬਿਲ ਦੇਣਾ

   1. CMC ਤੀਜੀ ਧਿਰ ਦੇ ਭੁਗਤਾਨਕਰਤਵਾਂ ਵੱਲੋਂ ਦੇਣਯੋਗ ਸਾਰੀਆਂ ਰਾਸ਼ੀਆਂ ਲਈ ਪੂਰੀ ਮਿਹਨਤ ਨਾਲ ਅਨੁਸਰਣ ਕਰੇਗਾ, ਜਿਸ ਵਿੱਚ ਸ਼ਾਮਲ ਹਨ ਅਨੁਬੰਧਤ ਅਤੇ ਗੈਰ-ਅਨੁਬੰਧਤ ਭੁਗਤਾਨਕਰਤਾ, ਇਨਡੈਮਨਿਟੀ (ਹਾਨੀਪੂਰਤੀ ਸਬੰਧੀ) ਭੁਗਤਾਨਕਰਤਾ, ਜਵਾਬਦੇਹੀ ਅਤੇ ਵਾਹਨ ਲਈ ਬੀਮਾਕਾਰ, ਅਤੇ ਸਰਕਾਰੀ ਪ੍ਰੋਗਰਾਮ ਦੇ ਭੁਗਤਾਨਕਰਤਾ ਜੋ ਮਰੀਜ਼ ਦੀ ਦੇਖਭਾਲ ਲਈ ਵਿੱਤੀ ਤੌਰ 'ਤੇ ਜ਼ਿੰਮੇਵਾਰ ਹੋ ਸਕਦੇ ਹਨ, ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹਨ। ਮਰੀਜ਼ ਜਾਂ ਉਹਨਾਂ ਦੇ ਪ੍ਰਤਿਨਿਧੀ ਵੱਲੋਂ ਮੁਹੱਈਆ ਕਰਵਾਈ ਜਾਂ ਪ੍ਰਮਾਣਿਤ ਕੀਤੀ ਜਾਣਕਾਰੀ ਦੇ ਆਧਾਰ 'ਤੇ CMC ਤੀਜੀ ਧਿਰ ਦੇ ਸਾਰੇ ਲਾਗੂ ਹੋਣ ਵਾਲੇ ਭੁਗਤਾਨਕਰਤਾਵਾਂ ਨੂੰ ਸਮੇਂ ਸਿਰ ਬਿਲ ਦੇਵੇਗਾ।

C. ਬੀਮਾਕ੍ਰਿਤ ਮਰੀਜ਼ਾਂ ਨੂੰ ਬਿਲ ਦੇਣਾ

   1. CMC *ਐਕਸਪਲੇਨੇਸ਼ਨ ਆਫ ਬੈਨੀਫਿਟ* (“EOB”) ਦੁਆਰਾ ਹਿਸਾਬ ਲਗਾਈ ਅਤੇ ਤੀਜੀ ਧਿਰ ਦੇ ਭੁਗਤਾਨਕਰਤਾ ਵੱਲੋਂ ਨਿਰਦੇਸ਼ ਮੁਤਾਬਕ, ਮਰੀਜ਼ ਦੀ ਜ਼ਿੰਮੇਵਾਰੀ ਵਾਲੀ ਰਾਸ਼ੀ ਲਈ ਬੀਮਾਕ੍ਰਿਤ ਮਰੀਜ਼ਾਂ ਨੂੰ ਤੁਰੰਤ ਬਿਲ ਦੇਵੇਗਾ।

D. ਬਿਨਾਂ ਬੀਮੇ ਵਾਲੇ ਮਰੀਜ਼ਾਂ ਨੂੰ ਬਿਲ ਦੇਣਾ

   1. CMC, CMC ਦੇ ਬਿਲ ਵਿੱਚ ਦਿੱਤੇ ਖਰਚਿਆਂ ਦੀ ਵਰਤੋਂ ਨਾਲ CMC ਵੱਲੋਂ ਮੁਹੱਈਆਂ ਆਈਟਮਾਂ ਅਤੇ ਸੇਵਾਵਾਂ ਲਈ ਬਿਨਾਂ ਬੀਮੇ ਵਾਲੇ ਮਰੀਜ਼ਾਂ ਨੂੰ ਤੁਰੰਤ ਬਿਲ ਦੇਵੇਗਾ।

E. ਵਿੱਤੀ ਸਹਾਇਤਾ ਬਾਰੇ ਜਾਣਕਾਰੀ

1. ਮਰੀਜ਼ ਲਈ ਸਾਰੇ ਬਿਲਾਂ ਵਿੱਚ ਨੋਟਿਸ ਆਫ ਰਾਈਟਸ (ਅਧਿਕਾਰਾਂ ਦਾ ਨੋਟਿਸ) ਸ਼ਾਮਲ ਕੀਤਾ ਜਾਵੇਗਾ ਜਿਸ ਨੂੰ ਇਸ ਨੀਤੀ ਦੇ ਐਗਜ਼ੀਬਿਟ A ਨਾਲ ਨੱਥੀ ਕੀਤਾ ਜਾਂਦਾ ਹੈ, ਜੋ ਯੋਗਤਾਪ੍ਰਾਪਤ ਮਰੀਜ਼ਾਂ ਲਈ ਉਪਲਬਧ ਵਿੱਤੀ ਸਹਾਇਤਾ ਦੇ ਸਾਰ ਵਿੱਚ ਸ਼ਾਮਲ ਹੈ।

F. ਮੱਦਵਾਰ ਬਿਆਨ

1. ਸਾਰੇ ਮਰੀਜ਼ ਕਿਸੇ ਵੀ ਸਮੇਂ ਆਪਣੇ ਖਾਤੇ ਲਈ ਮੱਦਵਾਰ ਸਟੇਟਮੈਂਟ ਲਈ ਬੇਨਤੀ ਕਰ ਸਕਦੇ ਹਨ।

G. ਵਿਵਾਦ

1. ਕੋਈ ਵੀ ਮਰੀਜ਼ ਆਪਣੇ ਬਿਲ ਦੀ ਆਈਟਮ ਜਾਂ ਖਰਚ ਲਈ ਅਸਹਿਮਤੀ (ਵਿਰੋਧਤਾ) ਪ੍ਰਗਟ ਕਰ ਸਕਦਾ ਹੈ। *ਪੇਸ਼ੰਟ ਫਾਈਨੈਂਸ਼ਲ ਸਰਵਿਸਿਜ਼* ਦੇ ਪ੍ਰਤਿਨਿਧੀ ਨੂੰ ਲਿਖ ਕੇ ਜਾਂ ਫੋਨ 'ਤੇ ਮਰੀਜ਼ ਅਸਹਿਮਤੀ ਦੀ ਸ਼ੁਰੂਆਤ ਕਰ ਸਕਦੇ ਹਨ। ਜੇ ਮਰੀਜ਼ ਬਿਲ ਸਬੰਧੀ ਦਸਤਾਵੇਜ਼ੀ-ਰਿਕਾਰਡ ਲਈ ਬੇਨਤੀ ਕਰਦਾ ਹੈ, ਤਾਂ ਸਟਾਫ ਮੈਂਬਰ ਬੇਨਤੀ ਕੀਤੇ ਦਸਤਾਵੇਜ਼ੀ-ਰਿਕਾਰਡ ਨੂੰ ਦੱਸ (10) ਦਿਨਾਂ ਵਿੱਚ ਮੁਹੱਈਆ ਕਰਨ ਲਈ ਮੁਨਾਸਬ ਕੋਸ਼ਿਸ਼ ਕਰੇਗਾ। ਮਰੀਜ਼ ਵੱਲੋਂ ਅਸਹਿਮਤੀ ਦੀ ਸ਼ੁਰੂਆਤ ਕਰਨ ਤੋਂ ਬਾਅਦ, ਵਸੂਲੀ ਦੀਆਂ ਅਗਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, CMC ਘੱਟੋ-ਘੱਟ ਤੀਹ (30) ਦਿਨਾਂ ਲਈ ਅਕਾਊਂਟ ਨੂੰ ਰੋਕ ਕੇ ਰੱਖੇਗਾ।

H. ਵਸੂਲੀ ਦੇ ਵਿਹਾਰ

1. ਆਮ ਉਗਰਾਹੀ ਵਿਧੀਆਂ: ਇਸ ਨੀਤੀ ਦੇ ਅਧੀਨ, CMC ਮਰੀਜ਼ਾਂ ਤੋਂ ਭੁਗਤਾਨ ਪ੍ਰਾਪਤ ਕਰਨ ਲਈ ਮੁਨਾਸਬ ਕਲੈਕਸ਼ਨ ਕੋਸ਼ਿਸ਼ਾਂ ਦੀ ਵਰਤੋਂ ਕਰ ਸਕਦਾ ਹੈ। ਉਗਰਾਹੀ ਕਰਨ ਦੀਆਂ ਆਮ ਗਤੀਵਿਧੀਆਂ ਵਿੱਚ ਮਰੀਜ਼ ਨੂੰ ਸਟੇਟਮੈਂਟਾਂ ਜਾਰੀਆਂ ਕਰਨੀਆਂ, ਫੋਨ ਕਾਲ ਕਰਨੇ, ਅਤੇ ਸਟੇਟਮੈਂਟਾਂ ਦੇ ਹਵਾਲੇ ਸ਼ਾਮਲ ਹੋ ਸਕਦੇ ਹਨ ਜੋ ਮਰੀਜ਼ ਜਾਂ ਗਾਰੰਟਰ ਨੂੰ ਭੇਜੀਆਂ ਗਈਆਂ ਹਨ। CMC ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਪ੍ਰਕਿਰਿਆ ਤਿਆਰ ਕਰਨੀ ਚਾਹੀਦੀ ਹੈ ਕਿ ਮਰੀਜ਼ ਦੇ ਬਿਲਾਂ ਬਾਰੇ ਪ੍ਰਸ਼ਨਾਂ ਅਤੇ ਸ਼ਿਕਾਇਤਾਂ ਦੀ ਖੋਜ ਕੀਤੀ ਜਾਂਦੀ ਹੈ ਅਤੇ ਇਹਨਾਂ ਨੂੰ ਮਰੀਜ਼ ਨਾਲ ਸਮੇਂ ਸਿਰ ਫਾਲੋਅੱਪ ਕਰਕੇ ਜਿੱਥੇ ਢੁਕਵਾਂ ਹੋਵੇ, ਦਰੁਸਤ ਕੀਤਾ ਜਾਂਦਾ ਹੈ।
2. ਅਸਧਾਰਣ ਵਸੂਲੀ ਕਾਰਵਾਈ 'ਤੇ ਰੋਕ: CMC ਅਤੇ ਵਸੂਲੀ ਏਜੰਸੀਆਂ ਮਰੀਜ਼ ਤੋਂ ਵਸੂਲੀ ਕਰਨ ਦੀ ਕੋਸ਼ਿਸ਼ ਲਈ ਅਸਧਾਰਣ ਵਸੂਲੀ ਕਾਰਵਾਈ ਨਹੀਂ ਕਰਨਗੀਆਂ।
3. ਵਿੱਤੀ ਸਹਾਇਤਾ ਦੀ ਅਰਜ਼ੀ ਦੀ ਪ੍ਰਕਿਰਿਆ ਵਿੱਚ ਕੋਈ ਵਸੂਲੀ ਨਹੀਂ ਹੁੰਦੀ: CMC ਅਤੇ ਵਸੂਲੀ ਏਜੰਸੀਆਂ ਉਸ ਮਰੀਜ਼ ਤੋਂ ਵਸੂਲੀ ਦਾ ਅਨੁਸਰਣ ਨਹੀਂ ਕਰਨਗੀਆਂ ਜਿਸ ਨੇ ਵਿੱਤੀ ਸਹਾਇਤਾ ਲਈ ਅਰਜ਼ੀ ਜਮਾਂ ਕਰਵਾਈ ਹੈ, ਅਤੇ ਉਹ ਮਰੀਜ਼ ਦੀ ਅਰਜ਼ੀ ਲੰਬਤ ਹੋਣ ਵਾਲੇ ਸਮੇਂ ਤੋਂ ਪਹਿਲਾਂ ਜਾਂ ਇਸ ਦੇ ਦੌਰਾਨ ਮਰੀਜ਼ ਤੋਂ ਪ੍ਰਾਪਤ ਕੀਤੀ ਕਿਸੇ ਵੀ ਰਾਸ਼ੀ ਨੂੰ ਵਾਪਸ ਕਰ ਦੇਣਗੇ।
4. ਵਿੱਤੀ ਸਹਾਇਤਾ ਦੀ ਅਰਜ਼ੀ ਤੋਂ ਜਾਣਕਾਰੀ ਦੀ ਵਰਤੋਂ ਤੋਂ ਮਨਾਹੀ: CMC ਅਤੇ ਵਸੂਲੀ ਏਜੰਸੀਆਂ ਵਿੱਤੀ ਸਹਾਇਤਾ ਲਈ ਅਰਜ਼ੀ ਦੀ ਪ੍ਰਕਿਰਿਆ ਦੌਰਾਨ ਮਰੀਜ਼ ਤੋਂ ਪ੍ਰਾਪਤ ਕੀਤੀ ਕਿਸੇ ਵੀ ਜਾਣਕਾਰੀ ਦੀ ਵਰਤੋਂ ਵਸੂਲੀ ਗਤੀਵਿਧੀਆਂ ਲਈ ਨਹੀਂ ਕਰ ਸਕਦੇ। ਇਸ ਹਿੱਸੇ ਵਿੱਚ ਕੋਈ ਵੀ ਭਾਗ ਉਸ ਜਾਣਕਾਰੀ ਦੀ ਵਰਤੋਂ ਤੇ ਰੋਕ ਨਹੀਂ ਲਗਾਉਂਦਾ ਜੋ CMC ਜਾਂ ਵਸੂਲੀ ਏਜੰਸੀ ਵੱਲੋਂ ਵਿੱਤੀ ਸਹਾਇਤਾ ਲਈ ਯੋਗਤਾ ਪ੍ਰਕਿਰਿਆ ਲਈ ਸੁਤੰਤਰ ਤੌਰ 'ਤੇ ਪ੍ਰਾਪਤ ਕੀਤੀ ਸੀ।

I. ਭੁਗਤਾਨ ਯੋਜਨਾਵਾਂ

1. ਯੋਗਤਾ ਪ੍ਰਾਪਤ ਮਰੀਜ਼: CMC ਅਤੇ ਉਹਨਾਂ ਦੀ ਤਰਫੋਂ ਕਾਰਵਾਈ ਕਰਨ ਵਾਲੀ ਕੋਈ ਵੀ ਵਸੂਲੀ ਏਜੰਸੀ ਅਣ-ਬੀਮਾਕ੍ਰਿਤ ਮਰੀਜ਼ਾਂ ਅਤੇ ਕਿਸੇ ਵੀ ਅਜਿਹੇ ਮਰੀਜ਼, ਜੋ ਵਿੱਤੀ ਸਹਾਇਤਾ ਲਈ ਯੋਗਤਾ ਪੂਰੀ ਕਰਦਾ ਹੈ, ਨੂੰ ਆਪਣੀ ਮਰੀਜ਼ ਦੀ ਜ਼ਿੰਮੇਵਾਰੀ ਵਾਲੀ ਰਾਸ਼ੀ (ਬੀਮਾਕ੍ਰਿਤ ਮਰੀਜ਼ਾਂ ਲਈ) ਅਤੇ ਸਮਾਂ ਬੀਤਣ ਨਾਲ ਦੇਣਯੋਗ ਹੋਰ ਰਾਸ਼ੀਆਂ ਦੇ ਭੁਗਤਾਨ ਲਈ, ਇਕਰਾਰਨਾਮਾ ਕਰਨ ਦਾ ਵਿਕਲਪ ਦੇਣਗੇ। CMC ਉਹਨਾਂ ਬੀਮਾਕ੍ਰਿਤ ਮਰੀਜ਼ਾਂ ਲਈ ਭੁਗਤਾਨ

ਯੋਜਨਾਵਾਂ ਵਿੱਚ ਸ਼ਾਮਲ ਹੋ ਸਕਦਾ ਹੈ ਜੋ ਇੱਕੋ ਕਿਸ਼ਤ ਵਿੱਚ ਮਰੀਜ਼ ਦੀ ਜ਼ਿੰਮੇਵਾਰੀ ਵਾਲੀ ਰਾਸ਼ੀ ਦਾ ਭੁਗਤਾਨ ਕਰਨ ਲਈ ਅਸਮਰੱਥਾ ਬਾਰੇ ਦੱਸਦੇ ਹਨ।

2. ਭੁਗਤਾਨ ਯੋਜਨਾਵਾਂ ਦੀਆਂ ਸ਼ਰਤਾਂ: ਸਾਰੀਆਂ ਭੁਗਤਾਨ ਯੋਜਨਾਵਾਂ ਵਿਆਜ-ਰਹਿਤ ਹੋਣਗੀਆਂ। ਮਰੀਜ਼ਾਂ ਕੋਲ ਭੁਗਤਾਨ ਯੋਜਨਾ ਦੀਆਂ ਸ਼ਰਤਾਂ ਲਈ ਗੱਲਬਾਤ ਕਰਨ ਦਾ ਮੌਕਾ ਹੋਵੇਗਾ। ਜੇ CMC ਅਤੇ ਮਰੀਜ਼ ਭੁਗਤਾਨ ਯੋਜਨਾ ਦੀਆਂ ਸ਼ਰਤਾਂ ਨਾਲ ਸਹਿਮਤ ਨਹੀਂ ਹੋ ਸਕਦੇ, ਤਾਂ CMC ਭੁਗਤਾਨ ਯੋਜਨਾ ਵਿਕਲਪ ਦਾ ਵਿਸਥਾਰ ਕਰੇਗਾ ਜਿਸ ਦੇ ਤਹਿਤ ਮਰੀਜ਼ ਜੀਵਨ-ਨਿਰਬਾਹ ਦੇ ਲਾਜ਼ਮੀ ਖਰਚਿਆਂ ਨੂੰ ਬਾਹਰ ਕੱਢਣ ਤੋਂ ਬਾਅਦ ਮਰੀਜ਼ ਦੀ ਮਹੀਨੇਵਾਰ ਪਰਿਵਾਰਕ ਆਮਦਨ ਦਾ ਦੱਸ ਪ੍ਰਤੀਸ਼ਤ (10%) ਤੱਕ ਦਾ ਮਹੀਨੇਵਾਰ ਭੁਗਤਾਨ ਕਰ ਸਕਦਾ ਹੈ। ਜੀਵਨ-ਨਿਰਬਾਹ ਦੇ ਲਾਜ਼ਮੀ ਖਰਚਿਆਂ'' ਦਾ ਅਰਥ ਇਹਨਾਂ ਵਿੱਚੋਂ ਕੋਈ ਵੀ ਖਰਚੇ ਹਨ: ਕਿਰਾਏ ਜਾਂ ਘਰ ਦਾ ਭੁਗਤਾਨ ਅਤੇ ਸਾਂਭ-ਸੰਭਾਲ, ਭੋਜਨ ਅਤੇ ਘਰੇਲੂ ਸਾਮਗਰੀਆਂ, ਉਪਯੋਗੀ ਚੀਜ਼ਾਂ ਅਤੇ ਟੈਲੀਫੋਨ, ਕਪੜੇ, ਡਾਕਟਰੀ ਅਤੇ ਦੰਦਾਂ ਸਬੰਧੀ ਭੁਗਤਾਨ, ਬੀਮਾ, ਸਕੂਲ ਜਾਂ ਬਾਲ ਦੇਖਭਾਲ, ਬੱਚੇ ਜਾਂ ਵਿਆਹੁਤਾ-ਸਾਥੀ ਦੀ ਸਹਾਇਤਾ, ਟ੍ਰਾਂਸਪੋਰਟੇਸ਼ਨ ਅਤੇ ਆਟੋ ਦੇ ਖਰਚੇ, ਜਿਸ ਵਿੱਚ ਸ਼ਾਮਲ ਹੈ ਬੀਮਾ, ਗੈਸ, ਅਤੇ ਮੁਰੰਮਤਾਂ, ਕਿਸ਼ਤ ਦੇ ਭੁਗਤਾਨ, ਲਾਉਂਡਰੀ ਅਤੇ ਸਫਾਈ, ਅਤੇ ਹੋਰ ਅਸਧਾਰਣ ਖਰਚੇ।
3. ਭੁਗਤਾਨ ਯੋਜਨਾ ਨੂੰ ਅਪ੍ਰਭਾਵੀ ਘੋਸ਼ਿਤ ਕਰਨਾ: 90 ਦਿਨਾਂ ਦੀ ਮਿਆਦ ਦੌਰਾਨ ਮਰੀਜ਼ ਵੱਲੋਂ ਦੇਣਯੋਗ ਸਾਰੇ ਸਿਲਸਿਲੇਵਾਰ ਭੁਗਤਾਨਾਂ ਦੀ ਨਾਕਾਮੀ ਤੋਂ ਬਾਅਦ ਵਿਸਥਾਰਤ ਭੁਗਤਾਨ ਯੋਜਨਾ ਨੂੰ ਅਪ੍ਰਭਾਵੀ ਐਲਾਨਿਆ ਜਾ ਸਕਦਾ ਹੈ। ਵਿਸਥਾਰਤ ਭੁਗਤਾਨ ਯੋਜਨਾ ਨੂੰ ਅੱਗੇ ਤੋਂ ਪ੍ਰਭਾਵੀ ਨਾ ਰਹਿਣ ਬਾਰੇ ਐਲਾਨ ਕਰਨ ਤੋਂ ਪਹਿਲਾਂ CMC ਜਾਂ ਵਸੂਲੀ ਏਜੰਸੀ ਫੋਨ ਰਾਹੀਂ ਮਰੀਜ਼ ਨਾਲ ਸੰਪਰਕ ਕਰਨ ਅਤੇ ਉਸ ਨੂੰ ਇਸ ਬਾਰੇ ਲਿਖਤੀ ਨੋਟਿਸ ਦੇਣ ਲਈ ਉਚਿਤ ਕੋਸ਼ਿਸ਼ ਕਰੇਗੀ ਕਿ ਵਿਸਥਾਰਤ ਭੁਗਤਾਨ ਅਪ੍ਰਭਾਵੀ ਹੋ ਸਕਦਾ ਹੈ ਅਤੇ ਇਹ ਕਿ ਮਰੀਜ਼ ਕੋਲ ਵਿਸਥਾਰਤ ਭੁਗਤਾਨ ਯੋਜਨਾ ਬਾਰੇ ਮੁੜ ਤੋਂ ਗੱਲਬਾਤ ਕਰਨ ਦਾ ਮੌਕਾ ਹੈ। ਵਿਸਥਾਰਤ ਭੁਗਤਾਨ ਯੋਜਨਾ ਨੂੰ ਅੱਗੇ ਤੋਂ ਪ੍ਰਭਾਵੀ ਨਾ ਰਹਿਣ ਬਾਰੇ ਐਲਾਨ ਕਰਨ ਤੋਂ ਪਹਿਲਾਂ CMC ਜਾਂ ਵਸੂਲੀ ਏਜੰਸੀ ਮਰੀਜ਼ ਵੱਲੋਂ ਬੇਨਤੀ ਕੀਤੇ ਜਾਣ 'ਤੇ ਦੋਸ਼ਪੂਰਨ ਵਿਸਥਾਰਤ ਭੁਗਤਾਨ ਯੋਜਨਾ ਦੀਆਂ ਸ਼ਰਤਾਂ ਬਾਰੇ ਮੁੜ ਤੋਂ ਗੱਲਬਾਤ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਭਾਗ ਦੇ ਉਦੇਸ਼ਾਂ ਲਈ, ਮਰੀਜ਼ ਨੂੰ ਆਖਰੀ ਗਿਆਤ ਫੋਨ ਨੰਬਰ ਅਤੇ ਪਤੇ ਤੇ ਫੋਨ ਕਾਲ ਕੀਤਾ ਜਾ ਸਕਦਾ ਹੈ ਅਤੇ ਨੋਟਿਸ ਭੇਜਿਆ ਜਾ ਸਕਦਾ ਹੈ। ਭੁਗਤਾਨ ਯੋਜਨਾ ਅਪ੍ਰਭਾਵੀ ਐਲਾਨਣ ਤੋਂ ਬਾਅਦ, CMC ਜਾਂ ਵਸੂਲੀ ਏਜੰਸੀ ਇਸ ਨੀਤੀ ਮੁਤਾਬਕ ਵਸੂਲੀ ਗਤੀਵਿਧੀਆਂ ਸ਼ੁਰੂ ਕਰ ਸਕਦੀ ਹੈ।

J. ਕਲੈਕਸ਼ਨ ਏਜੰਸੀਆਂ

1. CMC ਮਰੀਜ਼ ਦੇ ਅਕਾਉਂਟਸ ਨੂੰ ਵਸੂਲੀ ਏਜੰਸੀ ਕੋਲ ਭੇਜ ਸਕਦੀ ਹੈ ਜੋ ਅੱਗੇ ਦਿੱਤੀਆਂ ਸ਼ਰਤਾਂ ਦਾ ਵਿਸ਼ਾ ਹੁੰਦਾ ਹੈ:
   a. ਵਸੂਲੀ ਏਜੰਸੀ ਦਾ CMC ਨਾਲ ਲਾਜ਼ਮੀ ਤੌਰ 'ਤੇ ਲਿਖਤੀ ਸਮਝੌਤਾ ਹੋਣਾ ਚਾਹੀਦਾ ਹੈ;
   b. CMC ਦੇ ਵਸੂਲੀ ਏਜੰਸੀ ਨਾਲ ਲਿਖਤੀ ਸਮਝੌਤੇ ਵਿੱਚ ਲਾਜ਼ਮੀ ਤੌਰ 'ਤੇ ਇਹ ਦੱਸਣਾ ਚਾਹੀਦਾ ਹੈ ਕਿ ਵਸੂਲੀ ਏਜੰਸੀ ਆਪਣੇ ਕੰਮ ਦੀ ਕਾਰਗੁਜ਼ਾਰੀ ਕਰਦੇ ਸਮੇਂ CMC ਦੇ ਮਿਸ਼ਨ, ਦੂਰਦ੍ਰਿਸ਼ਟੀ, ਕੇਂਦਰੀ ਕਦਰਾਂ-ਕੀਮਤਾਂ, ਵਿੱਤੀ ਸਹਾਇਤਾ ਨੀਤੀ ਦੀਆਂ ਸ਼ਰਤਾਂ, ਇਸ ਬਿਲਿੰਗ ਅਤੇ ਕੁਲੈਕਸ਼ਨ ਨੀਤੀ, ਅਤੇ *ਹਾਸਪਿਟਲ ਫੇਅਰ ਪ੍ਰਾਇਸਿੰਗ ਐਕਟ, ਹੈਲਥ ਐਂਡ ਸੇਫਟੀ ਕੋਡ* ਦੀਆਂ 127400 ਤੋਂ 127446 ਤੱਕ ਧਾਰਾਵਾਂ ਦੀ ਪਾਲਣਾ ਕਰੇਗੀ;
   c. ਵਸੂਲੀ ਏਜੰਸੀ ਨੂੰ ਲਾਜ਼ਮੀ ਤੌਰ 'ਤੇ ਸਹਿਮਤ ਹੋਣਾ ਚਾਹੀਦਾ ਹੈ ਕਿ ਉਹ ਮਰੀਜ਼ ਤੋਂ ਕਰਜ਼ ਦੀ ਵਸੂਲੀ ਲਈ ਕਿਸੇ ਅਸਧਾਰਣ ਵਸੂਲੀ ਕਾਰਵਾਈਆਂ ਵਿੱਚ ਸ਼ਾਮਲ ਨਹੀਂ ਹੋਵੇਗੀ;
   d. CMC ਨੂੰ ਲਾਜ਼ਮੀ ਤੌਰ ਕਰਜ਼ ਦੀ ਮਲਕੀਅਤ ਆਪਣੇ ਕੋਲ ਰੱਖਣੀ ਚਾਹੀਦੀ ਹੈ ਅਤੇ ਇਸ ਨੂੰ ਵਸੂਲੀ ਏਜੰਸੀ ਨੂੰ ਵੇਚਣਾ ਨਹੀਂ ਚਾਹੀਦਾ;

e. ਵਸੂਲੀ ਏਜੰਸੀ ਕੋਲ ਲਾਜ਼ਮੀ ਤੌਰ 'ਤੇ ਉਹਨਾਂ ਮਰੀਜ਼ਾਂ ਦੀ ਪਹਿਚਾਣ ਕਰਨ ਲਈ ਪ੍ਰਕਿਰਿਆਵਾਂ ਤੈਅ ਹੋਣੀਆਂ ਚਾਹੀਦੀਆਂ ਹਨ ਜੋ ਵਿੱਤੀ ਸਹਾਇਤਾ ਲਈ ਯੋਗਤਾ ਪੂਰੀ ਕਰ ਸਕਦੇ ਹਨ, ਇਹਨਾਂ ਮਰੀਜਾਂ ਨੂੰ ਵਿੱਤੀ ਸਹਾਇਤਾ ਨੀਤੀ ਦੇ ਵੇਰਵਿਆਂ ਦੀ ਉਪਲਬਧਤਾ ਬਾਰੇ ਦੱਸਣਾ ਚਾਹੀਦਾ ਹੈ, ਅਤੇ ਵਿੱਤੀ ਸਹਾਇਤਾ ਮੰਗਣ ਵਾਲੇ ਮਰੀਜ਼ਾਂ ਨੂੰ ਮੁੜ ਤੋਂ CMC ਦੇ ਐਡਮਿਟਿੰਗ ਡਿਪਾਰਟਮੈਂਟ (559) 459-2998 ਦਾ ਜਾਂ www.communitymedical.org ਵਿਖੇ ਭੇਜਣਾ ਚਾਹੀਦਾ ਹੈ। ਵਸੂਲੀ ਏਜੰਸੀ ਉਸ ਮਰੀਜ਼ ਤੋਂ ਕੋਈ ਭੁਗਤਾਨ ਨਹੀਂ ਮੰਗੇਗੀ ਜਿਸ ਨੇ ਵਿੱਤੀ ਸਹਾਇਤਾ ਲਈ ਅਰਜ਼ੀ ਜਮਾਂ ਕੀਤੀ ਹੈ, ਅਤੇ ਮਰੀਜ਼ ਦੀ ਅਰਜ਼ੀ ਲੰਬਤ ਹੋਣ ਦੇ ਸਮੇਂ ਤੋਂ ਪਹਿਲਾਂ ਜਾਂ ਇਸ ਦੌਰਾਨ ਮਰੀਜ਼ਾਂ ਤੋਂ ਪ੍ਰਾਪਤ ਕੀਤੀ ਕਿਸੇ ਵੀ ਰਾਸ਼ੀ ਨੂੰ ਵਾਪਸ ਕਰੇਗੀ।

K. ਵਸੂਲੀ ਲਈ ਅਕਾਊਂਟਸ ਨੂੰ ਅੱਗੇ ਭੇਜਣਾ

1. *ਪੇਸ਼ੇਂਟ ਫਾਇਨੈਂਸ਼ੀਅਲ ਸਰਵਿਸਿਜ਼* ਦੇ ਡਾਇਰੈਕਟਰ ਦੇ ਵਿਸ਼ੇਸ਼ ਅਧਿਕਾਰ 'ਤੇ ਜੇ ਕਿਸੇ ਸ਼ੁਰੂਆਤੀ ਬਿਲ ਦਾ ਭੁਗਤਾਨ 150 ਦਿਨਾਂ ਦੇ ਅੰਦਰ ਨਹੀਂ ਕੀਤਾ ਜਾਂਦਾ ਤਾਂ ਵਸੂਲੀ ਲਈ ਬਿਲ ਨੂੰ ਅੱਗੇ ਭੇਜਿਆ ਜਾਵੇਗਾ। ਭੁਗਤਾਨ ਦੀ ਕਮੀ, ਉਪਲਬਧ ਪ੍ਰੋਗਰਾਮਾਂ ਲਈ ਦਰਖਾਸਤ ਦੇਣ ਦੀ ਨਾਕਾਮੀ, CMC ਨੂੰ ਸੰਪਰਕ ਕਰਨ ਵਿੱਚ ਨਾਕਾਮੀ ਅਜਿਹੇ ਕਾਰਕ ਹੋਣਗੇ ਜਿਹਨਾਂ ਨੂੰ ਵਸੂਲੀਆਂ ਲਈ ਅਕਾਉਂਟ ਅੱਗੇ ਭੇਜਣ ਬਾਰੇ ਵਿਚਾਰਿਆ ਜਾ ਸਕਦਾ ਹੈ।
2. ਤੀਜੀ ਧਿਰ ਵਾਲੇ ਸਾਰੇ ਭੁਗਤਾਨਕਰਤਾਵਾਂ ਨੂੰ ਲਾਜ਼ਮੀ ਤੌਰ 'ਤੇ ਸਹੀ ਤਰੀਕੇ ਨਾਲ ਬਿਲ ਭੇਜਿਆ ਹੋਣਾ ਚਾਹੀਦਾ ਹੈ, ਤੀਜੀ ਧਿਰ ਦੇ ਭੁਗਤਾਨਕਰਤਾਵਾਂ ਤੋਂ ਲਾਜ਼ਮੀ ਤੌਰ 'ਤੇ ਕੋਈ ਭੁਗਤਾਨ ਬਕਾਇਆ ਨਹੀਂ ਹੋਣਾ ਚਾਹੀਦਾ, ਅਤੇ ਬਾਕੀ ਬਚਿਆ ਕਰਜ਼ ਲਾਜ਼ਮੀ ਤੌਰ 'ਤੇ ਮਰੀਜ਼ ਦੀ ਵਿੱਤੀ ਜ਼ਿੰਮੇਵਾਰੀ ਹੋਣਾ ਚਾਹੀਦਾ ਹੈ। ਵਸੂਲੀ ਏਜੰਸੀ ਕਿਸੇ ਮਰੀਜ਼ ਨੂੰ ਕਿਸੇ ਅਜਿਹੀ ਰਾਸ਼ੀ ਲਈ ਬਿਲ ਨਹੀਂ ਭੇਜੇਗੀ ਜੋ ਤੀਜੀ-ਧਿਰ ਦੇ ਭੁਗਤਾਨਕਰਤਾ ਨੇ ਅਦਾ ਕਰਨਾ ਹੁੰਦਾ ਹੈ।
3. ਵਸੂਲੀ ਏਜੰਸੀ ਨੂੰ ਹਰੇਕ ਮਰੀਜ਼ ਨੂੰ ਲਾਜ਼ਮੀ ਤੌਰ 'ਤੇ ਵਿੱਤੀ ਸਹਾਇਤਾ ਸਬੰਧੀ ਅਧਿਕਾਰਾਂ ਦੇ ਨੋਟਿਸ ਦੀ ਨਕਲ ਭੇਜਣੀ ਚਾਹੀਦੀ ਹੈ।
4. ਹਸਪਤਾਲ ਵੱਲੋਂ ਮਰੀਜ਼ ਦੇ ਅਕਾਉਂਟ 'ਤੇ ਸ਼ੁਰੂਆਤੀ ਬਿਲ ਨੂੰ ਭੇਜਣ ਦੇ ਘੱਟੋ-ਘੱਟ 150 ਦਿਨ ਲਾਜ਼ਮੀ ਤੌਰ 'ਤੇ ਗੁਜ਼ਰੇ ਹੋਣੇ ਚਾਹੀਦੇ ਹਨ।
5. ਮਰੀਜ਼ ਭੁਗਤਾਨ ਯੋਜਨਾ ਲਈ ਜਾਂ ਉਚਿਤ ਰਾਸ਼ੀ ਦੇ ਨਿਯਮਿਤ ਅੰਸ਼ਕ ਭੁਗਤਾਨ ਕਰਨ ਲਈ ਗੱਲਬਾਤ ਨਹੀਂ ਕਰ ਰਿਹਾ ਹੈ।
6. ਤੀਜੀ ਧਿਰ ਦੀ ਜਵਾਬਦੇਹੀ: ਇਸ ਨੀਤੀ ਵਿੱਚ ਕੋਈ ਵੀ ਗੱਲ CMC ਜਾਂ ਇਸ ਦੀਆਂ ਸਬੰਧਤ ਸੰਸਥਾਵਾਂ ਜਾਂ ਬਾਹਰੀ ਵਸੂਲੀ ਏਜੰਸੀਆਂ ਨੂੰ ਤੀਜੀ ਧਿਰ ਦੀ ਜਵਾਬਦੇਹੀ ਦਾ ਅਨੁਸਰਣ ਕਰਨ ਤੋਂ ਨਹੀਂ ਰੋਕਦੀ।

## IV. ਹਵਾਲੇ

26 *ਕੋਡ ਆਫ ਫੈਡਰਲ ਰੈਗੂਲੇਸ਼ਨ* 1.501(r)

ਕੈਲੀਫ਼ੋਰਨੀਆ ਦੇ *ਹੈਲਥ ਐਂਡ ਸੇਫ਼ਟੀ ਕੋਡ* ਦੇ ਸੈਕਸ਼ਨ 124700-127446

**ਹਵਾਲਾ ਲਏ ਗਏ ਦਸਤਾਵੇਜ਼**

| ਹਵਾਲੇ ਦੀ ਕਿਸਮ | ਸਿਰਲੇਖ | ਨੋਟ |
|---|---|---|
| **ਇਸ ਦਸਤਾਵੇਜ਼ ਦੁਆਰਾ ਹਵਾਲਾ ਲਏ ਗਏ ਦਸਤਾਵੇਜ਼** | | |
| ਹਵਾਲਾ ਲਏ ਗਏ ਦਸਤਾਵੇਜ਼ | ਵਿੱਤੀ ਸਹਾਇਤਾ ਨੀਤੀ ਸਬੰਧੀ ਹੱਕਾਂ ਦਾ ਨੋਟਿਸ | |

*ਹੋ ਸਕਦਾ ਹੈ ਕਿ ਇਸ ਦਸਤਾਵੇਜ਼ ਦੀਆਂ ਕਾਗਜ਼ੀ ਕਾਪੀਆਂ ਵਿਚ ਤਾਜ਼ਾ ਜਾਣਕਾਰੀ ਨਾ ਹੋਵੇ ਅਤੇ ਉਹਨਾਂ 'ਤੇ ਅਧਿਕਾਰਤ ਉਦੇਸ਼ਾਂ ਲਈ ਭਰੋਸਾ ਨਹੀਂ ਕਰਨਾ ਚਾਹੀਦਾ। ਤਾਜ਼ਾ ਜਾਣਕਾਰੀ Lucidoc ਵਿੱਚ ਇੱਥੇ ਉਪਲਬਧ ਹੈ:*
https://www.lucidoc.com/cgi/doc-gw.pl?ref=communitymc:24828.